**ਦਫਤਰ: ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ:ਭ ਤੇ ਮ ਸ਼ਾਖਾ, ਫਗਵਾੜਾ।**

ਸੇਵਾ ਵਿਖੇ,

ਪ੍ਰਿੰਸੀਪਲ,
ਸੰਤੂਰ ਇੰਟਰਨੈਸ਼ਨਲ ਪਬਲਿਕ ਸਕੂਲ,
ਪਿੰਡ ਮਾਧੋਪੁਰ, ਫਗਵਾੜਾ।

**ਨੰਬਰ/ 37 ਮਿਤੀ/ 30-04-2021**

**ਵਿਸ਼ਾ:-** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ-ਸਾਲ 2021-22**

ਹਵਾਲਾ:- ਆਪ ਜੀ ਦਾ ਪੱਤਰ ਨੰਬਰ Sips/rbcਮਿਤੀ 16-04-2021

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਨਿਮਨ ਹਸਤਾਖਰ ਕਰਤਾ ਅਤੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਮਿਤੀ **30-04-2021** ਨੂੰ ਉਕਤ ਸਕੂਲ/ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਇਹ ਬਿਲਡਿੰਗ ਦੇਖਣ ਵਿੱਚ ਸੁਰੱਖਿਅਤ ਪਾਈ ਗਈ ਹੈ।ਇਸ ਇਮਾਰਤ ਦਾ ਸਾਲ **2021-2022 (ਅਪ ਟੂ 31.03.2022)** ਦਾ ਸੇਫਟੀ ਸਰਟੀਫਿਕੇਟ ਆਪ ਜੀ ਨੂੰ ਹੇਠ ਲਿਖੀਆਂ ਸ਼ਰਤਾਂ/ਹਦਾਇਤਾਂ ਦੀ ਪਾਲਣਾ ਬਾਰੇ ਦੱਸਦੇ ਹੋਏ ਜਾਰੀ ਕੀਤਾ ਜਾਂਦਾ ਹੈ:-

1 ਜੇਕਰ ਇਮਾਰਤ ਵਿੱਚ ਕੋਈ ਤਬਦੀਲੀ/ਵਧਾਇਆ ਜਾਂ ਘਟਾਇਆ ਜਾਂਦਾ ਹੈ ਤਾਂ ਇਹ ਕੰਮ ਕਿਸੇ ਤਕਨੀਕੀ ਇੰਜੀਨੀਅਰ ਦੀ ਦੇਖ ਰੇਖ ਵਿੱਚ ਹੀ ਕਰਵਾਇਆ ਜਾਵੇ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਨ ਦਾ ਸਰਟੀਫਿਕੇਟ ਨਿਮਨ ਹਸਤਾਖਰ ਪਾਸੋਂ ਫਿਰ ਤੋਂ ਲਿਆ ਜਾਵੇ।

2 ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਂਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਅਤੇ ਇਸ ਸੂਰਤ ਵਿੱਚ ਨਿਮਨ ਹਸਤਾਖਰ ਕਰਤਾ ਨੂੰ ਫੌਰੀ ਤੌਰ ਤੇ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਇਆ ਜਾਵੇ ਤਾਂ ਜੋ ਦੇਖਿਆ ਜਾ ਸਕੇ ਕਿ ਬਿਲਡਿਗ ਵਰਤੋਂ ਯੋਗ ਹੈ ਜਾਂ ਨਹੀਂ।

3 ਇਹ ਸਰਟੀਫਿਕੇਟ ਕਿਸੇ ਕੋਰਟ ਕੇਸ ਵਿੱਚ ਵੈਲਿਡ ਨਹੀਂ ਹੋਵੇਗਾ।

4 ਮਿਤੀ 14-11-2021 ਤੋਂ 13-11-2022 ਤੱਕ ਦਾ ਫਾਇਰ ਸਰਟੀਫਿਕਟ ਜਾਰੀ ਕਰਵਾ ਕੇ ਇਸ ਦਫਤਰ ਨੂੰ ਦੇਣਾ ਯਕੀਨੀ ਬਣਾਇਆ ਜਾਵੇ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ,ਲੋ:ਨਿ:ਵਿ:,
ਭ ਤੇ ਮ ਸ਼ਾਖਾ, ਫਗਵਾੜਾ।